# ਬਸਤੀਵਾਦ ਉੱਤਰਬਸਤੀਵਾਦ ਅਤੇ ਪੰਜਾਬੀ ਸਭਿਆਚਾਰ

ਅਮਰਜੀਤ ਸਿੰਘ ਗਰੇਵਾਲ

(ਇਸ ਪਰਚੇ ਨੂੰ ਮੈਂ ਤਿੰਨ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਉੱਤਰ ਬਸਤੀਵਾਦ ਬਾਰੇ ਗੱਲ ਹੋਵੇਗੀ। ਇਸ ਨੂੰ ਸਮਝਣ ਦਾ ਉਪਰਾਲਾ ਕੀਤਾ ਜਾਵੇਗਾ। ਦੂਸਰੇ ਭਾਗ ਵਿੱਚ ਇਸਦਾ ਆਲੋਚਨਾਤਮਕ ਵਿਸ਼ਲੇਸ਼ਣ। ਤੀਸਰੇ ਭਾਗ ਅੰਦਰ ਪੰਜਾਬ ਦੀ ਵਰਤਮਾਨ ਸਥਿਤੀ ਦੇ ਪ੍ਰਸੰਗ ਵਿੱਚ, ਉੱਤਰਬਸਤੀਵਾਦੀ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਵਿਧਾ ਬਾਰੇ ਸੋਚਿਆ ਜਾ ਸਕਦਾ ਹੈ।

ਇਸ ਪਰਚੇ ਦੀ ਤਿਆਰੀ ਵਿੱਚ ਡਾ. ਸੁਤਿੰਦਰ ਸਿੰਘ ਨੂਰ, ਸ਼ੁਭ ਪ੍ਰੇਮ ਬਰਾੜ, ਜਸਵਿੰਦਰ ਸਿੰਘ, ਰਾਜਿੰਦਰ ਪਾਲ ਬਰਾੜ ਅਤੇ ਸੁਰਜੀਤ ਨਾਲ ਹੋਈ ਵਿਚਾਰ ਚਰਚਾ ਦਾ ਵਿਸੇਸ਼ ਯੋਗਦਾਨ ਹੈ। ਇਸ ਲਈ ਪਰਚਾ ਪੜ੍ਹਨ ਤੋਂ ਪਹਿਲਾਂ ਉਹਨਾ ਦਾ ਧੰਨਵਾਦ ਕਰਨਾ ਮੇਰਾ ਫਰਜ਼ ਬਣ ਜਾਂਦਾ ਹੈ। )

## 1

ਉੱਤਰਬਸਤੀਵਾਦ ਬਾਰੇ ਲਿਖਣ ਤੋਂ ਪਹਿਲਾਂ ਆਪਣੇ ਆਪ ਨੂੰ ਇਹ ਸੁਆਲ ਪੁੱਛਣਾ ਪਵੇਗਾ ਕਿ ਕੀ ਮੈ ਇੱਕ ਕਾਲੋਨਾਈਜ਼ਡ ਵਿਅੱਕਤੀ ਹਾਂ ਜਾਂ ਡੀਕਾਲੋਨਾਈਜ਼ਡ। ਇਹ ਸੁਆਲ ਪੰਜਾਬੀ/ ਭਾਰਤੀ ਸਭਿਆਚਾਰ ਬਾਰੇ ਵੀ ਹੋ ਸਕਦਾ ਹੈ। ਕੀ 1947 ਵਿਚ ਭਾਰਤ ਦੀ ਰਾਜਨੀਤਕ ਆਜ਼ਾਦੀ ਉਪ੍ਰੰਤ ਅਸੀਂ ਆਰਥਕ, ਸਮਾਜ-ਸੰਸਕ੍ਰਿਤਕ ਅਤੇ ਵਿਚਾਰਧਾਰਕ ਪੱਧਰ ਤੇ ਆਜ਼ਾਦ ਹੋ ਗਏ ਹਾਂ? ਕੀ ਸਾਡਾ ਆਪਣੇ ਆਪ ਨੂੰ ਉੱਤਰ-ਬਸਤੀਵਾਦੀ ਵਿਅੱਕਤੀ, ਸਭਿਆਚਾਰ ਜਾਂ ਕੌਮ ਆਖਣਾ ਜਾਇਜ਼ ਹੈ?

ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਧਰਤੀ ਦਾ ਲਗਭਗ 85 ਪ੍ਰਤੀਸ਼ਤ ਹਿੱਸਾ, ਇੱਕ ਲੰਮੇ ਅਰਸੇ ਤੱਕ ਕੁੱਝ ਕੁ ਯੋਰਪੀ ਮੁਲਕਾਂ ਦਾ ਗੁਲਾਮ ਰਿਹਾ। ਇਸ ਨੂੰ ਅਸੀਂ ਬਸਤੀਵਾਦੀ ਜੁਗ ਆਖਦੇ ਹਾਂ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਗੁਲਾਮ ਮੁਲਕ ਆਜ਼ਾਦ ਹੋ ਗਏ। ਇਹਨਾ ਆਜ਼ਾਦ ਮੁਲਕਾਂ ਦੇ ਲੋਕ ਸਾਰੇ ਸੰਸਾਰ ਵਿੱਚ ਵਸਦੇ ਹਨ। ਕੀ ਇਸ ਆਜ਼ਾਦੀ ਤੋਂ ਬਾਅਦ ਦੇ ਸੰਸਾਰ ਨੂੰ ਉਤਰ-ਬਸਤੀਵਾਦੀ ਸੰਸਾਰ ਅਤੇ ਸਮੇਂ ਨੂੰ ਉੱਤਰ-ਬਸਤੀਵਾਦੀ ਸਮਾਂ/ ਜੁਗ ਆਖਾਂਗੇ? ਸਪਸ਼ਟ ਹੈ ਕਿ ਨਾ ਤਾਂ ਵਰਤਮਾਨ ਸੰਸਾਰ ਨੂੰ ਅਤੇ ਨਾ ਹੀ ਵਰਤਮਾਨ ਜੁਗ ਨੂੰ ਉੱਤਰ-ਬਸਤੀਵਾਦ ਆਖਿਆ ਜਾ ਸਕਦਾ ਹੈ।

ਹੱਲ ਇਹ ਲੱਭਿਆ ਗਿਆ ਕਿ ਉੱਤਰ ਅਤੇ ਬਸਤੀਵਾਦ ਵਿਚਲੀ ਹਾਈਫਨ ਮਿਟਾ ਕੇ ਅਸੀ ਉੱਤਰਬਸਤੀਵਾਦ ਨੂੰ ਬਸਤੀਵਾਦ ਦੀ ਸਭਿਆਚਾਰਕ ਵਿਰਾਸਤ ਦੇ ਪ੍ਰਤਿਰੋਧ ਵਜੋਂ ਸਮਝਣਾ ਸ਼ੁਰੂ ਕਰ ਦਿੱਤਾ। ਉੱਤਰਬਸਤੀਵਾਦ, ਇਸ ਨਵੀਂ ਵਿਆਖਿਆ ਅਨੁਸਾਰ, ਬਸਤੀਵਾਦੀ ਦਬਦਬਾ ਸਥਾਪਤ ਕਰਨ ਵਾਲੇ ਬੌਧਿਕ ਸੰਸਕ੍ਰਿਤਕ ਡਿਸਕੋਰਸ ਦਾ ਅਧਿਐਨ ਹੀ ਪੇਸ਼ ਨਹੀਂ ਕਰਦਾ, ਸਗੋਂ ਇਸਦੇ ਪ੍ਰਤਿਰੋਧ ਦੀਆਂ ਇਤਿਹਾਸਕ, ਰਾਜਨੀਤਕ, ਆਰਥਕ, ਸਮਾਜ-ਸੰਸਕ੍ਰਿਤਕ ਅਤੇ ਵਿਚਾਰਧਾਰਕ ਜੁਗਤਾਂ ਵੀ ਪ੍ਰਸਤੁਤ ਕਰਦਾ ਹੈ। ਉੱਤਰਬਸਤੀਵਾਦ ਦੀ ਇਹ ਆਲੋਚਨਾਤਮਕ ਸੁਰ ਪੱਛਮੀ ਸੋਚ ਨੂੰ ਵਿਸਥਾਪਿਤ ਕਰਕੇ ਦਮਿਤ ਲੋਕਾਂ ਲਈ ਇੱਕ ਸਪੇਸ ਪੈਦਾ ਕਰਨ ਦਾ ਦਾਅਵਾ ਪੇਸ਼ ਕਰਦੀ ਹੈ, ਤਾਂ ਜੋ ਉਹ ਵੀ ਆਪਣੀ ਗੱਲ ਕਹਿ ਸਕਣ। ਪੱਛਮੀ ਸੋਚ ਦਾ ਬਦਲ ਪੈਦਾ ਕਰ ਸਕਣ।

ਉੱਤਰਬਸਤੀਵਾਦ, ਬਸਤੀਵਾਦ ਤੋਂ ਬਾਅਦ ਦੇ ਸਮੇਂ ਅਤੇ ਸੰਸਾਰ ਦਾ ਨਾਮ ਨਹੀਂ। ਉਸ ਆਲੋਚਨਾਤਮਕ ਪ੍ਰੈਕਟਿਸ ਦਾ ਨਾਮ ਹੈ, ਜਿਸ ਰਾਹੀਂ ਗਿਆਨ ਅਤੇ ਸ਼ਕਤੀ ਦੇ ਉਹਨਾ ਰਿਸ਼ਤਿਆਂ ਅਤੇ ਸੰਸਥਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਹਨਾ ਰਾਹੀਂ ਬਸਤੀਵਾਦੀ ਸੋਚ/ ਵਿਚਾਰਧਾਰਾ ਬਸਤੀਵਾਦੀ ਸਮੇਂ/ ਸੰਸਾਰ ਤੋਂ ਬਾਅਦ ਵੀ ਲੋਕਾਂ ਨੂੰ ਮਾਨਸਿਕ ਪੱਧਰ ਤੇ ਆਪਣਾ ਗੁਲਾਮ ਬਣਾਈ ਰੱਖਦੀ ਹੈ। ਇਹ ਸਮਝਣ ਦੀ ਕੋਸ਼ਿਸ ਕੀਤੀ ਜਾਂਦੀ ਹੈ ਕਿ ਅਤੀਤ ਦੇ ਬਸਤੀਵਾਦੀ ਰਿਸ਼ਤੇ ਵਰਤਮਾਨ ਦੇ ਨਵਬਸਤੀਵਾਦੀ ਰਿਸ਼ਤਿਆਂ ਵਿੱਚ ਕਿਤ ਬਿਧ ਪੁਨਰਉਤਪਾਦਿਤ/ ਰੂਪਾਂਤ੍ਰਿਤ ਹੁੰਦੇ ਹਨ। ਵਰਤਮਾਨ ਸਮੇਂ/ ਸੰਸਾਰ ਦੇ ਪ੍ਰਤਿਰੋਧਾਂ

ਨੂੰ ਵੀ ਇਸੇ ਲਈ ਬਸਤੀਵਾਦੀ ਪ੍ਰੈਕਟਿਸ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਜਿਵੇ ਨਵਬਸਤੀਵਾਦ/ ਵਿਸ਼ਵੀਕਰਣ, ਬਸਤੀਵਾਦੀ ਰਿਸ਼ਤਿਆ ਦਾ ਕੇਵਲ ਇੱਕ ਵਿਸਤ੍ਰਿਤ ਰੂਪ ਹੀ ਹੋਵੇ।

ਉੱਤਰਬਸਤੀਵਾਦੀ ਚਿੰਤਕਾਂ ਨੂੰ ਇਸ ਗੱਲ ਦੀ ਵਧੇਰੇ ਚਿੰਤਾ ਰਹਿੰਦੀ ਹੈ ਕਿ ਗੁਲਾਮ ਰਹਿ ਚੁੱਕੇ ਮੁਲਕਾਂ ਵਿੱਚ ਆਜ਼ਾਦੀ ਦੀ ਭਾਵਨਾ ਪੈਦਾ ਕਰਨ ਲਈ, ਉਹਨਾ ਨੇ ਆਪਣੀ ਕੌਮੀ ਪਹਿਚਾਣ ਕਿਵੇਂ ਸਥਾਪਤ ਕਰਨੀ ਹੈ। ਪੱਛਮੀ ਸਾਮਰਾਜ ਨੇ ਆਪਣੇ ਆਪ ਨੂੰ ਤਰਕ ਅਤੇ ਵਿਕਾਸ ਨਾਲ ਅਤੇ ਪੂਰਬ ਨੂੰ ਰੂਹਾਨੀਅਤ ਅਤੇ ਖੜੋਤ ਨਾਲ ਜੋੜ ਕੇ ਸਾਨੂੰ ਕੇਵਲ ਨਿਗੂਣਾ ਸਾਬਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਆਧੁਨਿਕ ਸੰਸਾਰ ਦੇ ਨਿਰਮਾਣ ਵਿਚ ਤਰਕ ਅਤੇ ਵਿਕਾਸ ਦੇ ਮਹੱਤਵ ਨੂੰ ਵਧਾ ਕੇ ਅਤੇ ਪੂਰਬ ਦੀਆਂ ਰੂਹਾਨੀ ਕਦਰਾਂ ਕੀਮਤਾਂ ਨੂੰ ਛੁਟਿਆ ਕੇ ਸਾਨੂੰ ਪੱਛਮ ਦੇ ਤੌਰ ਤਰੀਕੇ ਅਪਨਾਉਣ ਲਈ ਤਿਆਰ ਵੀ ਕੀਤਾ। ਸਾਡੇ ਅੰਦਰ ਹੀਣ ਭਾਵਨਾ ਜਗਾ ਕੇ ਸਾਨੂੰ ਪੱਛਮ ਦੀ ਗੁਲਾਮੀ ਕਰਨ ਲਈ ਤਿਆਰ ਕੀਤਾ। ਅਸੀਂ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦੇ ਗੀਤ ਗਾਉਣ ਲੱਗੇ। ਸਾਨੂੰ ਇੰਝ ਮਹਿਸੂਸ ਹੋਣ ਲੱਗ ਪਿਆ ਜਿਵੇਂ ਕਿ ਅੰਗਰੇਜ਼ ਸਾਡੇ ਉੱਪਰ ਰਾਜ ਕਰਕੇ ਸਾਡੇ ਤੇ ਕੋਈ ਅਹਿਸਾਨ ਕਰ ਰਹੇ ਹੋਣ। ਇਹ ਹੀ ਉਹ ਨੁਕਤਾ ਹੈ ਜੋ ਐਡਵਰਡ ਸਾਈਦ, ਗਾਇਤਰੀ ਸਪਿਵਕ, ਹੋਮੀ ਭਾਬਾ, ਫਰਾਂਜ਼ ਫੈਨਨ ਆਦਿ ਉੱਤਰਬਸਤੀਵਾਦੀ ਚਿੰਤਕਾਂ ਨੇ ਸਾਨੂੰ ਸਮਝਾਉਣ ਦੀ ਕੋਸ਼ਿਸ ਕੀਤੀ, ਤਾ ਜੋ ਗੁਲਾਮ ਰਹਿ ਚੁੱਕੇ ਮੁਲਕਾਂ ਦੇ ਲੋਕਾਂ ਨੂੰ ਆਜ਼ਾਦੀ ਦੇ ਨਵੇਂ ਪ੍ਰਵਚਨ ਸਿਰਜਣ ਲਈ ਤਿਆਰ ਕੀਤਾ ਜਾ ਸਕੇ।

ਕਿਉਂਕਿ ਇਤਿਹਾਸ ਦੇ ਵੱਖ ਵੱਖ ਪੜਾਵਾਂ ਅਤੇ ਮੁਲਕਾਂ ਵਿਚ ਬਸਤੀਵਾਦੀ ਗਲਬੇ ਅਤੇ ਉਸਤੋਂ ਮੁਕਤੀ ਪ੍ਰਾਪਤ ਕਰਨ ਦੇ ਇੱਕੋ ਜੇਹੇ ਸਾਂਝੇ ਪ੍ਰੋਗਰਾਮ ਨਹੀਂ ਹੋ ਸਕਦੇ, ਇਸ ਲਈ ਇਸ ਸੈਮੀਨਾਰ ਦੀ ਪ੍ਰਾਸੰਗਿਕਤਾ ਇਹ ਬਣ ਜਾਂਦੀ ਹੈ ਕਿ ਅਸੀਂ ਇਹ ਸੋਚੀਏ ਕਿ ਬਸਤੀਵਾਦੀ ਵਿਚਾਰਧਾਰਾ ਨੇ ਪੰਜਾਬੀ ਸਾਹਿਤ, ਸਭਿਆਚਾਰ ਅਤੇ ਮਾਨਸਿਕਤਾ ਵਿੱਚ ਕਿਵੇਂ ਪ੍ਰਵੇਸ ਕੀਤਾ। ਇਹਨਾ ਨੂੰ ਆਪਣੀਆਂ ਬਸਤੀਵਾਦੀ ਲੋੜਾਂ ਅਨੁਸਾਰ ਢਾਲ ਕੇ ਕਿਵੇਂ ਵਰਤਿਆ ਗਿਆ। ਆਪਣੀਆਂ ਇਤਿਹਾਸਕਾਰੀ, ਸਾਹਿਤਕਾਰੀ, ਆਦਿ ਜੁਗਤਾਂ ਰਾਹੀਂ ਬਸਤੀਵਾਦ ਨੇ ਪੰਜਾਬੀ ਪਹਿਚਾਣ ਦੀ ਕਿਹੋ ਜੇਹੀ ਰੂਪ ਰੇਖਾ ਸਥਾਪਤ ਕੀਤੀ। ਕੇਵਲ ਸਮਝਣ ਦਾ ਹੀ ਨਹੀ, ਪੰਜਾਬੀ ਬੰਦੇ ਲਈ ਨਵੀਂ ਗਿਆਨ-ਮੀਮਾਨਸਾ, ਨਵੀਂ ਨੈਤਿਕਤਾ ਅਤੇ ਨਵੀ ਸਿਆਸਤ ਦਾ ਨਿਰਮਾਣ ਕਰਕੇ ਉਸ ਦੀ ਉਤਰਬਸਤੀਵਾਦੀ ਪਹਿਚਾਣ ਸਥਾਪਤ ਕਰਨ ਲਈ, ਇਹਨਾ ਸਭਿਆਚਾਰਕ ਟੂਲਾਂ ਦੀ ਨਵੀਂ ਤਰ੍ਹਾਂ ਦੀ ਪਰ੍ਹਬੰਦੀ ਦਾ ਵੀ ਮਸਲਾ ਹੈ। ਪੰਜਾਬੀ ਬੰਦੇ ਦੇ ਸਿਰਜਣਾਤਮਕ ਪ੍ਰਤਿਰੋਧ ਦਾ ਮਸਲਾ ਹੈ। ਪੰਜਾਬੀ ਬੰਦੇ ਦੀ ਆਪਣੇ ਅੰਦਰ ਬਚੀ ਪਈ ਬਸਤੀਵਾਦੀ ਰਹਿੰਦ-ਖੂੰਹਦ ਅਤੇ ਉਸਦੇ ਪ੍ਰਭਾਵਾਂ ਵਿਰੁੱਧ ਵਿੱਢੀ ਗਈ ਜਾਂ ਵਿੱਢੀ ਜਾਣ ਵਾਲੀ ਵਾਲੀ ਲੜਾਈ ਦਾ ਮਸਲਾ ਹੈ। ਇਸ ਪ੍ਰਤਿਰੋਧ ਅਤੇ ਇਸ ਲੜਾਈ ਤੋਂ ਬਿਨਾ ਪੰਜਾਬੀ ਬੰਦਾ ਵਿਖੰਡਿਤ ਮਾਨਸਿਕਤਾ ਵਾਲੀ ਰੋਗੀ ਕਿਸਮ ਦੀ ਬੇਰੜੀ ਹੋਣੀ ਹੀ ਭੋਗਦਾ ਰਹੇਗਾ। ਇਹ ਹੋਮੀ ਭਾਬਾ ਜੇਹੇ ਉੱਤਰਬਸਤੀਵਾਦੀ ਚਿੰਤਕਾ ਦਾ ਸੋਚਣਾ ਹੈ।

2

ਵੱਖ ਵੱਖ ਮੁਲਕਾਂ ਵਿੱਚ ਹੀ ਕਿਉਂ, ਪੰਜਾਬੀ ਬੰਦੇ/ ਭਾਈਚਾਰੇ ਅੰਦਰ ਵੀ ਅਤੀ ਗੁੰਝਲਦਾਰ ਵੰਨਸਵੰਨਤਾ ਜਵਾਲਾਮੁਖੀ ਵਾਂਗ ਦਬੀ ਪਈ ਹੈ, ਜੋ ਜਾਤੀ, ਜਮਾਤੀ, ਲਿੰਗੀ, ਧਾਰਮਿਕ, ਸੰਪਰਦਾਈ, ਨਸਲੀ, ਵਿਵਸਾਇਕ, ਅਦਿ ਧਰਾਤਲਾਂ ਤੇ ਬਹੁਤ ਵਾਰੀ ਭੜਕ ਵੀ ਪੈਂਦੀ ਹੈ। ਸੁਲਗਦੀ ਤਾਂ ਹਮੇਸ਼ਾ ਹੀ ਰਹਿੰਦੀ ਹੈ। ਇਸ ਲਈ ਬਸਤੀਵਾਦ ਵਿਰੁੱਧ ਪੰਜਾਬੀ ਬੰਦੇ ਦੀ ਲੜਾਈ ਇੱਕ ਨਹੀਂ, ਅਨੇਕਾਂ ਹਨ। ਇਹਨਾ ਦੇ ਕੇਵਲ ਰੂਪ ਅਤੇ ਪੱਧਰ ਹੀ ਵੱਖੋ ਵੱਖਰੇ ਨਹੀਂ। ਇਹਨਾ ਦੀਆਂ ਆਪਸੀ ਵਿਰੋਧਤਾਈਆਂ ਅਤੇ ਟਕਰਾਅ ਵੀ ਮਹੱਤਵਪੂਰਨ ਹਨ। ਇਹਨਾ ਆਪਸੀ ਵਖਰੇਵਿਆਂ, ਵਿਰੋਧਤਾਈਆਂ ਅਤੇ ਅੰਤਰਾਂ ਦੀ ਕੋਈ ਸੀਮਾ ਨਹੀਂ। ਇਹ ਅੰਤਰ ਵਿਰੋਧਤਾਈਆਂ ਇੱਕ ਜਾਤ ਨੂੰ ਦੂਜੀ ਜਾਤ, ਇੱਕ ਫਿਰਕੇ ਨੂੰ ਦੂਜੇ ਫਿਰਕੇ ਜਾਂ ਇੱਕ ਵਰਗ ਨੂੰ ਦੂਜੇ ਵਰਗ ਨਾਲੋਂ ਹੀ ਨਹੀਂ ਨਿਖੇੜਦੀਆਂ ਅਤੇ ਤੋੜਦੀਆਂ, ਸਗੋਂ ਇੱਕ ਵਿਅੱਕਤੀ ਨੂੰ ਦੂਸਰੇ ਵਿਅੱਕਤੀ ਨਾਲੋਂ ਵੀ ਤੋੜ ਵਿਛੋੜ ਦਿੰਦੀਆਂ ਹਨ। ਉਹਨਾ ਅੰਦਰ ਨਿੱਜ ਦੀਆਂ ਭਾਵਨਾਵਾਂ ਜਗਾ ਕੇ ਵਿਅੱਕਤੀਵਾਦੀ ਟਕਰਾਅ ਖੜ੍ਹੇ ਕਰ ਦਿੰਦੀਆਂ ਹਨ। ਭਾਈਚਾਰਕਤਾ ਅਤੇ ਉਸਦੀ

ਡੈਮੋਕਰੈਟਿਕ ਭਾਵਨਾ ਨੂੰ ਧੁਰ ਅੰਦਰੋਂ ਤੋੜ ਦਿੰਦੀਆਂ ਹਨ। ਇਸੇ ਨੂੰ ਬਹੁਵਾਦ ਕਿਹਾ ਗਿਆ ਹੈ। ਉਦਾਰਵਾਦ ਵੀ ਇਹੋ ਹੀ ਹੈ। ਇਹ ਗੱਲ ਆਖਣ ਵਿੱਚ ਵੀ ਮੈਨੂੰ ਕੋਈ ਸੰਕੋਚ ਨਹੀਂ ਕਿ ਉੱਤਰਬਸਤੀਵਾਦ ਉਦਾਰਵਾਦ ਦੇ ਕੇਵਲ ਤਰਕ ਵਜੋਂ ਹੀ ਨਹੀਂ, ਸਗੋਂ ਉਸਦੀ ਸ਼ਕਤੀਸ਼ਾਲੀ ਯੁੱਧਨੀਤੀ ਵਜੋਂ ਵੀ ਵਿਕਸਤ ਹੋਇਆ ਹੈ। ਇਸ ਲਈ, ਵਿਸ਼ਵੀਕਰਣ ਦੀ ਵਰਤਮਾਨ ਸਥਿਤੀ ਵਿਚ, ਇਸ ਨੂੰ ਨਵਬਸਤੀਵਾਦ ਦਾ ਤਰਕ ਜਾਂ ਉਸਦੀ ਯੁੱਧਨੀਤੀ ਵੀ ਆਖਿਆ ਜਾ ਸਕਦਾ ਹੈ।

ਡੈਮੋਕਰੈਟਿਕ/ ਭਾਈਚਾਰਕ ਭਾਵਨਾ ਦੀ ਗੈਰਹਾਜ਼ਰੀ ਵਿੱਚ ਵਿਅੱਕਤੀਗਤ ਕਾਮਨਾ/ ਆਜ਼ਾਦੀ/ ਪ੍ਰਾਪਤੀ/ ਸ਼ਕਤੀ/ ਮੁਨਾਫਾ ਹੀ ਇੱਕੋ ਇੱਕ ਵੈਲਯੂ ਰਹਿ ਜਾਂਦੀ ਹੈ। ਵਿਅੱਕਤੀਵਾਦ, ਵਿਅੱਕਤੀਵਾਦੀ ਫਾਸ਼ੀਵਾਦ ਦਾ ਰੂਪ ਧਾਰਨ ਕਰ ਲੈਂਦਾ ਹੈ। ਅਮਰੀਕਾ ਵਰਗੇ ਮੁਲਕਾਂ ਵਿੱਚ ਜਿੱਥੇ ਇਹ ਵਿਅੱਕਤੀਵਾਦ ਆਪਣੀ ਸ਼ਿਖਰ ਤੇ ਹੈ, ਵਿਅੱਕਤੀਵਾਦੀ/ ਲਿਬਰਲ ਫਾਸ਼ੀਵਾਦ ਦਾ ਪ੍ਰਗਟਾਅ ਅਕਸਰ ਹੀ ਦੇਖਣ ਨੂੰ ਮਿਲ ਜਾਂਦਾ ਹੈ। ਕੋਈ ਕਾਲਿਜ ਵਿਚ ਗੋਲੀ ਚਲਾ ਦਿੰਦਾ ਹੈ, ਰੇਪ ਕਰ ਦਿੰਦਾ ਹੈ। ਪੁੱਛਣ ਤੇ ਜੁਆਬ ਮਿਲਦਾ ਹੈ, 'ਮੇਰਾ ਦਿਲ ਕੀਤਾ, ਮੈਂ ਕਰ ਦਿੱਤਾ'। " ਆਈ ਡੋਂਟ ਕੇਅਰ", "ਹੂ ਕੇਅਰਜ਼", "ਫਕ ਇਟ", ਅਮਰੀਕਾ ਵਿੱਚ ਆਮ ਵਰਤੇ ਜਾਣ ਵਾਲੇ ਫਿਕਰੇ ਹਨ। ਬਹੁਤ ਸਾਰੇ ਮੁਲਕਾਂ ਵਿੱਚ ਫਿਰਕੂ ਪੱਧਰ ਤੇ ਪ੍ਰਗਟ ਹੋ ਰਿਹਾ ਵਿਅੱਕਤੀਵਾਦ/ ਬਹੁਵਾਦ, ਮੂਲਵਾਦ ਦਾ ਰੂਪ ਧਾਰਨ ਕਰ ਲੈਂਦਾ ਹੈ। ਪੰਜਾਬ ਦੇ ਕਈ ਚਿੰਤਕਾਂ ਨੇ ਇਸ ਬਹੁਵਾਦ ਨੂੰ ਸਿੱਖ ਮੂਲਵਾਦ/ ਖਾੜਕੂਵਾਦ ਦੇ ਤਰਕ ਵਜੋਂ ਵਰਤਿਆ। ਡੈਮੋਕਰੈਟਿਕ ਅਤੇ ਭਾਈਚਾਰਕ ਕਦਰਾਂ ਕੀਮਤਾਂ ਦੀ ਮੌਜੂਦਗੀ ਵਿੱਚ, ਇਹਨਾ ਨਾਲ ਸੰਘਰਸ਼ ਰਾਹੀਂ ਹੀ ਬਹੁਵਾਦੀ ਲਿਬਰਲ ਭਾਵਨਾ ਹਾਂ ਪੱਖੀ ਰੂਪ ਅਖਤਿਆਰ ਕਰਦੀ ਹੈ। ਬਹੁਵਾਦ ਦੀ ਗੈਰਹਾਜ਼ਰੀ ਵਿੱਚ ਰੀਪਬਲੀਕਨ (ਭਾਈਚਾਰਕ) ਭਾਵਨਾ ਵੀ ਓਨੀ ਹੀ ਖਤਰਨਾਕ ਹੈ ਜਿੰਨੀ ਕਿ ਭਾਈਚਾਰਕਤਾ ਦੀ ਗੈਰਹਾਜ਼ਰੀ ਵਿੱਚ ਬਹੁਵਾਦੀ ਲਿਬਰਲ ਭਾਵਨਾ। ਦੋਨੋ ਭਾਵਨਾਵਾਂ ਇੱਕ ਦੂਜੀ ਦੀ ਮੌਜੂਦਗੀ ਵਿੱਚ ਹੀ ਪਾਜ਼ੇਟਿਵ ਅਰਥ ਗ੍ਰਹਿਣ ਕਰਦੀਆਂ ਹਨ। ਵਰਤਮਾਨ ਵਿਚਾਰ ਚਰਚਾ ਦੇ ਪ੍ਰਸੰਗ ਵਿਚ ਮੈਂ ਏਨੀ ਗੱਲ ਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਗੱਲ ਦੀ ਪ੍ਰਵਾਹ ਕੀਤੇ ਬਗੈਰ ਕਿ ਇਸਦੇ ਕਿੰਨੇ ਕੁ ਭੈੜੇ ਨਤੀਜੇ ਨਿੱਕਲਦੇ ਹਨ, ਨਵ-ਸਾਮਰਾਜਵਾਦ ਉੱਤਰਬਸਤੀਵਾਦ ਨੂੰ ਤੀਜੇ ਸੰਸਾਰ ਦੇ ਮੁਲਕਾਂ ਵਿੱਚ ਆਪਣੇ ਵਿਸ਼ਵੀਕਰਣ ਦੇ ਪਰਾਜੈਕਟ ਦੀ ਸਫਲਤਾ ਲਈ ਸਿਧਾਂਤਕ ਤਰਕ ਵਜੋਂ ਵਰਤਦਾ ਹੈ।

ਸਾਮਰਾਜ ਦਾ ਸਬੰਧ ਕੇਵਲ ਟੈਰੇਟਰੀ ਅਤੇ ਅਰਥਚਾਰੇ ਦੇ ਕੰਟਰੋਲ ਨਾਲ ਹੀ ਨਹੀਂ ਹੁੰਦਾ। ਇਸਦਾ ਵੱਡਾ ਮਸਲਾ ਲੋਕਾਂ ਦੇ ਮਨਾਂ ਅੰਦਰ ਸਮਰਾਜ ਨੂੰ ਸਥਾਪਤ ਅਤੇ ਪੁਨਰਸਥਾਪਤ ਕਰਨ ਦੇ ਨਾਲ ਨਾਲ, ਇਸਦੇ ਅਨੁਸਾਰੀ ਵਿਅੱਕਤੀਆਂ ਅਤੇ ਉਹਨਾ ਦੇ ਆਪਿਆਂ (ਸਬਜੈਕਟਿਵਿਟੀਜ਼) ਦਾ ਨਿਰਮਾਣ ਕਰਨਾ ਹੁੰਦਾ ਹੈ। ਉੱਤਰਬਸਤੀਵਾਦੀ ਅਕੈਡਮੀਆ ਇਹੋ ਕੁੱਝ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉੱਤਰਆਧੁਨਿਕਤਾਵਾਦ ਦੇ ਇੱਕ ਆਪਣੇ ਜੇਹੇ ਹੀ ਰੂਪ ਨਾਲ ਰਲ ਕੇ ਇਨਸਟੀਚਿਊਸ਼ਨ ਦੇ ਰੂਪ ਵਿੱਚ ਸਾਹਿਤ ਅਧਿਐਨ/ ਆਲੋਚਨਾ ਦੇ ਜਿਸ ਗਲੋਬਲ ਨੈੱਟਵਰਕ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਉਹ ਪੰਜਾਬੀ ਅਤੇ ਹੋਰਨਾ ਦੇਸੀ ਬੋਲੀਆਂ ਵਿਚ ਰਚੇ ਜਾ ਰਹੇ ਸਾਹਿਤ ਨੂੰ ਆਪਣੇ ਅਜੇਹੇ ਮਨੋਰਥਾਂ ਲਈ ਹੀ ਕੰਟਰੋਲ ਕਰ ਰਿਹਾ ਹੈ। (ਡਾ. ਨੂਰ ਨੇ ਸਾਨੂੰ ਕਈ ਵਾਰ ਸਮਝਾਇਆ ਹੈ ਕਿ ਉੱਤਰਆਧੁਨਿਕ ਸਥਿਤੀ ਨੂੰ ਉੱਤਰਆਧੁਨਿਕਤਾਵਾਦ ਨਾਲੋਂ ਨਿਖੇੜ ਕੇ ਦੇਖਣਾ ਜ਼ਰੂਰੀ ਹੈ।)

## 3

ਹੁਣ ਆਪਾਂ ਪੰਜਾਬ ਦੀ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਪੰਜਾਬ ਦਾ ਤਿੰਨ ਪ੍ਰਤੀਸ਼ਤ ਅੰਗਰੇਜ਼ੀ ਇਲੀਟ ਵਰਗ ਇਹ ਮਹਿਸੂਸ ਕਰਦਾ ਹੈ ਕਿ ਨਿਰੰਤਰ ਵਿਕਾਸ ਦਾ ਪੂੰਜੀਵਾਦੀ ਮਾਡਲ ਹੀ ਸਾਡੀ ਮੁਕਤੀ ਦਾ ਇੱਕੋ ਇੱਕ ਮਾਰਗ ਹੈ। ਇਹਨਾ ਅੰਗਰੇਜ਼ੀ ਪੜ੍ਹੇ ਦਲਾਲਾਂ ਦੀ ਸਹਾਇਤਾ ਨਾਲ, ਵਿਸ਼ਵ ਸਰਮਾਏ ਦੇ ਹਿੱਤਾਂ ਦੀ ਪੂਰਤੀ ਲਈ, ਉਸ ਦੀ ਨਿਰਦੇਸ਼ਨਾ ਅਧੀਨ ਵਿਕਸਤ ਕੀਤੇ ਜਾ ਰਹੇ ਮਾਡਲ ਵਿੱਚ ਮੰਡੀ ਨਾਲ ਜੁੜੇ ਹੋਏ ਕੁੱਲ ਆਬਾਦੀ ਦੇ ਕੇਵਲ 20 ਤੋਂ 25 ਪ੍ਰਤੀਸ਼ਤ ਲੋਕ ਹੀ ਪ੍ਰਾਸੰਗਿਕ ਰਹਿ ਗਏ ਹਨ। ਬਾਕੀ ਦੇ 75 ਤੋਂ 80 ਪ੍ਰਤੀਸ਼ਤ ਨਿਮਾਣੇ, ਨਿਤਾਣੇ, ਨਿਗੁਣੇ, ਨਿਆਸਰੇ, ਨਿਹੱਥੇ, ਸ਼ਕਤੀਹੀਣ ਅਤੇ ਸੰਗਠਨਹੀਣ ਲੋਕਾਂ ਨੂੰ ਇਹ ਮਾਡਲ ਅਪ੍ਰਾਸੰਗਿਕ ਬਣਾ ਕੇ ਮੌਨ ਕਰ ਦਿੰਦਾ ਹੈ।

ਉੱਤਰਬਸਤੀਵਾਦੀ ਮਾਡਲ ਇਹਨਾ ਦਮਿਤ ਲੋਕਾਂ ਦੀ ਪਹਿਚਾਣ ਤਾਂ ਕਰਦਾ ਹੈ। ਉਹਨਾ ਨੂੰ ਜ਼ੁਬਾਨ ਦੇਣ ਦੀ ਗੱਲ ਵੀ ਕਰਦਾ ਹੈ। ਉਹਨਾ ਨੂੰ ਆਪੋ ਆਪਣੇ ਯੁੱਧ ਲੜਨ ਲਈ ਪ੍ਰੇਰਿਤ ਵੀ ਕਰਦਾ ਹੈ। ਪਰ ਕਿਸੇ ਸਾਂਝੇ ਯੁੱਧ ਦੀ ਗੈਰਹਾਜ਼ਰੀ ਵਿੱਚ ਇਹ ਵਿਅੱਕਤੀਵਾਦੀ ਯੁੱਧ ਨਵਉਦਾਰਵਾਦ ਵਿੱਚ ਰੂਪਾਂਤ੍ਰਿਤ ਹੋ ਕੇ ਮੁੜ ਵਿਸ਼ਵ ਸਰਮਾਏ ਦੀ ਸੇਵਾ ਵਿੱਚ ਹੀ ਲੱਗ ਜਾਂਦੇ ਹਨ।

ਉੱਤਰਬਸਤੀਵਾਦੀ ਚਿੰਤਕ ਜੁਆਬ ਦਿੰਦੇ ਹਨ ਕਿ ਸਮਾਜਵਾਦੀ ਮਾਡਲ ਵਰਗਾ ਕੋਈ ਸੰਗਠਿਤ ਮਾਡਲ ਉਹ ਇਸ ਲਈ ਪੇਸ਼ ਨਹੀਂ ਕਰ ਸਕੇ ਕਿਉਂਕਿ ਇਹ ਸਾਰੇ ਸੰਘਰਸ਼ ਕਿਸੇ ਹੋਮੋਜੀਨੀਅਸ ਗਰੁੱਪ ਦੇ ਸੰਘਰਸ਼ ਨਹੀਂ ਹਨ। ਕੋਈ ਆਰਥਕ ਬੇਇਨਸਾਫੀ ਦਾ ਸ਼ਿਕਾਰ ਹਨ। ਕੋਈ ਜਾਤ ਪਾਤ ਦਾ। ਕਈ ਘੱਟ ਗਿਣਤੀਆਂ ਦੀ ਮਾਨਸਿਕਤਾ ਭੋਗ ਰਹੇ ਹਨ। ਕੋਈ ਨਸਲੀ ਵਿਤਕਰਿਆਂ ਦਾ ਸ਼ਿਕਾਰ ਹਨ ਤੇ ਕਈ ਹੋਰ ਲਿੰਗੀ ਅਤੇ ਖੇਤਰੀ ਵਿਤਕਰਿਆਂ ਦਾ। ਸ਼ਰਨਾਰਥੀ ਵੀ ਪਿਸ ਰਹੇ ਹਨ। ਅੱਜ ਦੇ ਜੁਗ ਵਿੱਚ ਬੇਰੁਜ਼ਗਾਰਾਂ ਦਾ ਮਸਲਾ ਸ਼ਾਇਦ ਸਭ ਤੋਂ ਵੱਡਾ ਹੈ। ਜਿਸ ਕੋਲ ਰੁਜ਼ਗਾਰ ਨਹੀਂ, ਉਹ ਆਪਣੇ ਪਰਿਵਾਰ ਲਈ ਮੁਢਲੀਆਂ ਲੋੜਾਂ ਅਤੇ ਆਪਣੇ ਬੱਚਿਆਂ ਲਈ ਮਹਿੰਗੇ ਭਾਅ ਵਿਕਣ ਵਾਲੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਵੀ ਨਹੀਂ ਖਰੀਦ ਸਕਦਾ। ਆਪਣੀ ਪ੍ਰਾਸੰਗਿਕਤਾ ਹੀ ਗੁਆ ਲੈਂਦਾ ਹੈ।

ਇਹਨਾ ਵਿਭਿੰਨ ਕਿਸਮ ਦੀਆਂ ਮਰਜ਼ਾਂ ਦੀ ਕੋਈ ਸਾਂਝੀ ਦੁਆ ਨਹੀਂ ਲੱਭਦੀ, ਜਿਵੇਂ ਮਾਰਕਸਵਾਦ ਨੇ ਲੱਭੀ ਸੀ। ਮਾਰਕਸਵਾਦੀ ਵੀ ਸਮਝਦੇ ਹਨ ਕਿ ਇਹਨਾ ਅਨੰਤ ਕਿਸਮ ਦੀਆਂ ਬਹੁ-ਪਰਤੀ, ਬਹੁ-ਪਾਸਾਰੀ ਅਤੇ ਬਹੁ-ਭਾਂਤੀ ਬੇਇਨਸਾਫੀਆਂ ਨੂੰ ਇਕੱਲਾ ਸਅਨਤੀ ਕਾਮਿਆਂ ਦਾਂ ਸੰਘਰਸ਼ ਹੱਲ ਨਹੀਂ ਕਰ ਸਕਦਾ। ਆਰਥਕਤਾ ਤੋਂ ਬਾਅਦ ਲੋਕ ਉਸ ਮੂਲ ਆਧਾਰ ਦੀ ਤਲਾਸ਼ ਵਿਚ ਭਟਕਦੇ ਰਹੇ, ਜੋ ਇਹਨਾ ਸਾਰੇ ਸੰਘਰਸ਼ਾ ਨੂੰ ਸਮੁੱਚਤਾ ਵਿਚ ਬੰਨ੍ਹ ਸਕਦਾ। ਥੱਕ ਹਾਰ ਕੇ ਲੋਕਾਂ ਨੇ ਇਹ ਸ਼ੰਕਾ ਪੈਦਾ ਕਰਨੀ ਸ਼ੁਰੂ ਕਰ ਦਿੱਤੀ ਕਿ ਕੀ ਕੀ ਕੋਈ ਇੱਕ ਸਾਂਝਾ ਜਾਂ ਮੂਲ ਆਧਾਰ ਹੋ ਵੀ ਸਕਦਾ ਹੈ ਨਹੀਂ। ਸਭ ਸਹੀ ਹੈ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਬਹੁ-ਭਾਂਤੀ ਸ਼ੋਸ਼ਣ ਵਿਰੁੱਧ ਇੱਕ ਵਿਸਤਰਿਤ, ਵਿਰਾਟ ਅਤੇ ਨੈੱਟਵਰਕਡ( ਭਾਵੇਂ ਸੰਗਠਿਤ ਨਾ ਸਹੀ) ਸੰਘਰਸ਼ ਦੀ ਆਵੱਸ਼ਕਤਾ ਹੈ, ਜੋ ਜਬਰ ਦੇ ਹਰ ਪੱਧਰ ਤੇ ਉਸਦੇ ਹਰ ਰੂਪ ਵਿਰੁੱਧ ਲੜਿਆ ਜਾਣਾ ਹੈ। ਮਾਨਸਿਕਤਾ ਅਤੇ ਭਾਸ਼ਾ ਦੀ ਪੱਧਰ ਤੇ ਵੀ। ਇਹ ਉਹ ਚਣੌਤੀ ਹੈ ਜੋ ਮਾਰਕਸਵਾਦੀਆਂ ਅਤੇ ਉੱਤਰਬਸਤੀਵਾਦੀਆਂ, ਕਿਸੇ ਤੋਂ ਵੀ ਹੱਲ ਨਹੀਂ ਹੋ ਰਹੀ।

ਪਰੰਪਰਾਗਤ ਮਾਰਕਸਵਾਦ ਨੂੰ ਰੱਦ ਕਰਕੇ ਉੱਤਰਬਸਤੀਵਾਦੀਆਂ ਨੇ ਗਰਾਮਸ਼ੀਅਨ ਮਾਰਕਸਵਾਦ, ਲਾਕਾਨੀਅਨ ਮਨੋਵਿਗਿਆਨ, ਸਾਸੂਰੀਅਨ ਭਾਸ਼ਾ ਵਿਗਿਆਨ, ਦੈਰੇਦੀਅਨ ਡੀਕੰਸਟਰਕਸ਼ਨ ਅਤੇ ਫੂਕੋਡੀਅਨ ਡਿਸਕੋਰਸ ਨਾਲ ਜੋ ਸੰਵਾਦ ਰਚਾਇਆ ਹੈ, ਉਹ ਮਹੱਤਵਪੂਰਨ ਵਿਸ਼ਲੇਸ਼ਣ ਤਾਂ ਹੈ, ਪਰ ਕੋਈ ਸਿਆਸੀ ਸੰਘਰਸ਼ ਦਾ ਕੋਈ ਸਪਸ਼ਟ ਪ੍ਰੋਗਰਾਮ ਪੇਸ ਨਹੀਂ ਕਰ ਸਕਿਆ।

ਅਜੇਹਾ ਨਾ ਹੋ ਸਕਣ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਸੰਘਰਸ਼ ਦੇ ਸੀਮਤ ਅਤੇ ਰਿਜਿਡ ਅਰਥ ਅਪਣਾਏ ਹੋਏ ਹਨ। ਨਵੀਆਂ ਬਦਲੀਆਂ ਪ੍ਰਸਥਿਤੀਆਂ ਵਿਚ ਇਸਨੂੰ ਕਿਸੇ ਨਵੀਂ ਤਰ੍ਹਾਂ ਨਾਲ ਸਮਝਣ ਲਈ ਤਿਆਰ ਹੀ ਨਹੀਂ ਹਾਂ। ਇਸਨੂੰ ਕੇਵਲ ਐਜੀਟੇਸ਼ਨ ਦੇ ਰੂਪ ਵਿੱਚ ਹੀ ਸਮਝਦੇ ਹਾਂ। ਜੇਕਰ ਪੰਜਾਬ ਦੀ ਗੱਲ ਕਰੀਏ, ਜਿਵੇਂ ਕਿ ਆਪਾਂ ਚਰਚਾ ਕਰ ਆਏ ਹਾਂ, ਪੰਜਾਬ ਦੀ ਵਰਤਮਾਨ ਸਮੇਂ ਵਿੱਚ ਪ੍ਰਮੁਖ ਸਮੱਸਿਆ ਬੇਰੁਜ਼ਗਾਰੀ ਦੀ ਹੈ। ਪੰਜਾਬ ਵਿੱਚ ਪ੍ਰਵਾਸੀ ਮਜ਼ਦੂਰਾਂ ਦੀ ਮੌਜੂਦਗੀ ਦੱਸਦੀ ਹੈ ਕਿ ਏਥੇ ਬੇਰੁਜ਼ਗਾਰੀ ਦੀ ਨਹੀਂ, ਸਮਾਜਕ ਅਤੇ ਤਕਨਾਲੋਜੀ ਦੀ ਪੱਧਰ ਤੇ ਨਾਕਾਬਲੇਰੋਜ਼ਗਾਰ ਹੋਣ ਦੀ ਹੀ ਵੱਡੀ ਸਮੱਸਿਆ ਹੈ। ਇਸ ਸਮੱਸਿਆ ਦੇ ਹੱਲ ਹੋ ਜਾਣ ਨਾਲ ਸਾਰੀਆਂ ਨਹੀਂ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਇਸ ਨੂੰ ਇਨਕਲੂਸਿਵ ਡਿਵੈਲਪਮੈਂਟ, ਇਨਕਲੂਸਿਵ ਐਜੂਕੇਸ਼ਨ, ਇਨਕਲੂਸਿਵ ਪਾਰਟੀਸੀਪੇਸ਼ਨ ਅਤੇ ਇਨਕਲੂਸਿਵ ਡਿਸੀਜਨ ਮੇਕਿੰਗ ਨਾਲ ਜੋੜ ਕੇ ਦੇਖਣ ਦੀ ਜ਼ਰੂਰਤ ਹੈ।

ਕਹਿਣ ਤੋਂ ਭਾਵ ਹੈ ਕਿ ਪੰਜਾਬ ਦੀਆਂ ਇਹਨਾ ਸਮੱਸਿਆਵਾਂ ਨੂੰ ਪੱਛਮੀ ਅਕੈਡਮੀਆ ਦੁਆਰਾ ਨਿਰਦੇਸ਼ਿਤ ਅਤੇ ਅੰਗਰੇਜ਼ੀ ਪੜ੍ਹਨ ਲਿਖਣ ਵਾਲੇ 4 ਪ੍ਰਤੀਸ਼ਤ ਪੰਜਾਬੀ ਇਲੀਟ ਵੱਲੋਂ ਉੱਤਰਬਸਤੀਵਾਦੀ ਸਿਧਾਂਤਾਂ ਨਾਮ ਤੇ ਪੈਦਾ ਕੀਤੇ ਜਾ ਰਹੇ ਨਵਬਸਤੀਵਾਦੀ ਪ੍ਰਵਚਨਾਂ ਨਾਲ ਐਡਰੈੱਸ ਨਹੀਂ ਕੀਤਾ ਜਾ ਸਕਦਾ। ਆਪਣੀ ਭਾਸ਼ਾ ਵਿਚ ਆਪਣੇ ਲੋਕਾਂ ਦੀ ਪਾਰਟੀਸਿਪੇਸ਼ਨ ਰਾਹੀਂ ਸਭ ਕਾਸੇ ਨੂੰ ਨਵੇਂ ਸਿਰੇ ਤੋਂ ਸੋਚਣਾ, ਵਿਚਾਰਨਾ ਅਤੇ ਲਾਗੂ ਕਰਨਾ ਹੋਵੇਗਾ।